# ਖਪਤ ਵਾਊਚਰ ਸਕੀਮ

## ਰਜਿਸਟਰੇਸ਼ਨ ਸੰਬੰਧੀ ਨੋਟ-ਕਥਨ

ਖਪਤ ਵਾਊਚਰ ਸਕੀਮ ("ਸਕੀਮ") ਦੇ ਅਧੀਨ $5,000 ਦੇ ਕੁੱਲ ਮੁੱਲ ਵਾਲੇ ਇਲੈਕਟ੍ਰਾਨਿਕ ਖਪਤ ਵਾਉਚਰ ਸਥਾਨਕ ਖਪਤ ਨੂੰ ਉਤਸ਼ਾਹਿਤ ਕਰਨ ਅਤੇ ਵਧਾਉਣ ਦੇ ਉਦੇਸ਼ ਨਾਲ ਕਿਸ਼ਤਾਂ ਰਾਹੀਂ ਹਰੇਕ ਯੋਗ ਵਿਅਕਤੀ ਨੂੰ ਵੰਡੇ ਜਾਣਗੇ

**<u>ਯੋਗਤਾ ਮਾਪਦੰਡ</u>**

ਰਜਿਸਟਰ ਕਰਨ ਵਾਲੇ ਵਿਅਕਤੀ ਲਈ ਹੇਠਾਂ ਦਿੱਤੇ ਮਾਪਦੰਡਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ, ਜਿਸ ਮੁਤਾਬਕ ਰਜਿਸਟਰ ਕਰਨ ਵਾਲਾ ਵਿਅਕਤੀ –

(a) 18 ਜੂਨ 2021 ਨੂੰ ਜਾਂ ਉਸ ਤੋਂ ਪਹਿਲਾਂ 18 ਸਾਲ ਦਾ ਜਾਂ ਇਸ ਤੋਂ ਵੱਡਾ ਹੋਣਾ ਚਾਹੀਦਾ ਹੈ; ਅਤੇ

(b) 18 ਜੂਨ 2021 ਨੂੰ

(i) ਹਾਂਗ ਕਾਂਗ ਦਾ ਸਥਾਈ ਵਸਨੀਕ ਹੋਣਾ ਚਾਹੀਦਾ ਹੈ ਜਿਸ ਕੋਲ ਸਥਾਨਕ ਤੌਰ 'ਤੇ ਜਾਰੀ ਕੀਤਾ ਹਾਂਗ ਕਾਂਗ ਦਾ ਵੈਧ ਸਥਾਈ ਪਛਾਣ ਪੱਤਰ ("HKPIC") ਜਾਂ ਰਜਿਸਟ੍ਰੇਸ਼ਨ ਆਫ਼ ਪਰਸਨਸ ਰੈਗੂਲੇਸ਼ਨਸ, ਕੈਪ. 177A ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵੱਲੋਂ ਜਾਰੀ ਕੀਤਾ ਇੱਕ ਵੈਧ ਛੋਟ ਪ੍ਰਮਾਣ ਪੱਤਰ ("EC") ਹੋਵੇ; ਜਾਂ

(ii) ਹਾਂਗ ਕਾਂਗ ਦਾ ਵਸਨੀਕ ਹੋਣਾ ਚਾਹੀਦਾ ਹੈ ਜਿਸ ਕੋਲ ਇੱਕ ਵੈਧ ਹਾਂਗ ਕਾਂਗ ਪਛਾਣ ਕਾਰਡ ("HKPIC") ਜਾਂ ਰਜਿਸਟ੍ਰੇਸ਼ਨ ਆਫ਼ ਪਰਸਨਸ ਰੈਗੂਲੇਸ਼ਨਸ, ਕੈਪ. 177A ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵੱਲੋਂ ਜਾਰੀ ਕੀਤਾ ਇੱਕ ਈ.ਸੀ. (EC) ਹੋਵੇ ਅਤੇ ਜੋ ਹਾਂਗ ਕਾਂਗ ਵਿਖੇ ਹਾਂਗ ਕਾਂਗ ਅਤੇ ਮਕਾਓ ਵੱਲ ਅੱਗੇ ਜਾਣ ਵਾਲੇ ਪਰਮਿਟ 'ਤੇ ਆਇਆ ਹੋਵੇ (ਆਮ ਤੌਰ 'ਤੇ "ਇੱਕ ਤਰਫ਼ਾ ਪਰਮਿਟ" ਕਹਿੰਦੇ ਹਨ); ਜਾਂ

(iii) ਹਾਂਗ ਕਾਂਗ ਦਾ ਵਸਨੀਕ ਹੋਣਾ ਚਾਹੀਦਾ ਹੈ ਜਿਸ ਕੋਲ ਵੈਧ ("HKPIC") ਜਾਂ ਰਜਿਸਟ੍ਰੇਸ਼ਨ ਆਫ਼ ਪਰਸਨਸ ਰੈਗੂਲੇਸ਼ਨਸ, ਕੈਪ. 177A ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਵੱਲੋਂ ਜਾਰੀ ਕੀਤਾ ਇੱਕ ਈ.ਸੀ. (EC) ਹੋਵੇ ਅਤੇ ਜਿਸ ਕੋਲ ਹਾਂਗ ਕਾਂਗ ਵਿਖੇ ਇੱਕ ਨਿਰਭਰ ਵਜੋਂ ਰਹਿਣ ਦੀ ਵੈਧ ਇਜਾਜ਼ਤ ਹੋਵੇ, ਜਿਸਨੂੰ ਉੱਪਰ ਦਿੱਤੇ (b)(i) ਵੱਲੋਂ ਸਪਾਂਸਰ ਕੀਤਾ ਗਿਆ ਹੋਵੇ; ਅਤੇ

(c) "ਹਾਂਗ ਕਾਂਗ ਵਿੱਚ ਰਹਿਣ" ਸੰਬੰਧੀ ਲੋੜਾਂ ਨੂੰ ਪੂਰਾ ਕਰਦਾ ਹੋਣਾ ਚਾਹੀਦਾ ਹੈ।

ਸਕੀਮ ਦੇ ਉਦੇਸ਼ ਲਈ, ਇੱਕ ਰਜਿਸਟਰ ਕਰਨ ਵਾਲੇ ਵਿਅਕਤੀ ਨੂੰ ਹਾਂਗ ਕਾਂਗ ਦਾ ਵਸਨੀਕ ਉਦੋਂ ਮੰਨਿਆ ਜਾਂਦਾ ਹੈ, ਜੇਕਰ ਉਹ 18 ਜੂਨ 2021 ਤੋਂ ਤੁਰੰਤ ਪਹਿਲਾਂ ਵਾਲੇ 24 ਮਹੀਨਿਆਂ ਲਈ ਨਿਰੰਤਰ ਰੂਪ ਵਿੱਚ ਹਾਂਗ ਕਾਂਗ ਤੋਂ ਗੈਰ ਹਾਜ਼ਿਰ ਨਹੀਂ ਸੀ, ਜਦੋਂ ਤੱਕ ਕਿ ਉਹ ਵਿਅਕਤੀ ਉਕਤ ਅਵਧੀ ਦੇ ਦੌਰਾਨ:

(a)ਪੋਰਟੇਬਲ ਵਿਆਪਕ ਸਮਾਜਿਕ ਸੁਰੱਖਿਆ ਸਹਿਯੋਗ ਸਕੀਮ ਦੇ ਅਧੀਨ ਸਹਾਇਤਾ ਦਾ ਪ੍ਰਾਪਤਕਰਤਾ ਹੈ, ਗੁਆਂਗਡੋਂਗ ਸਕੀਮ ਦੇ ਅਧੀਨ ਭੱਤੇ ਦਾ ਪ੍ਰਾਪਤਕਰਤਾ ਹੈ, ਜਾਂ ਫੁਜੀਅਨ ਸਕੀਮ ਦੇ ਅਧੀਨ ਭੱਤੇ ਦਾ ਪ੍ਰਾਪਤਕਰਤਾ ਹੈ;

(b) ਹਾਂਗ ਕਾਂਗ ਦੇ ਬਾਹਰ ਢੁਕਵੀਂ ਅਥਾਰਟੀ ਵੱਲੋਂ ਮਾਨਤਾ ਪ੍ਰਾਪਤ ਕਿਸੇ ਸਕੂਲ/ਯੂਨੀਵਰਸਿਟੀ

ਵਿੱਚ ਪੜ੍ਹ ਰਿਹਾ/ਰਹੀ ਹੈ;
(c) ਲੇਬਰ ਵਿਭਾਗ ਵੱਲੋਂ ਵਿਵਸਥਿਤ ਵਰਕਿੰਗ ਹਾਲੀਡੇ ਸਕੀਮ ਦਾ ਭਾਗੀਦਾਰ ਹੈ;
(d) ਮੈਡੀਕਲ ਕਾਰਨਾਂ ਕਰਕੇ ਹਾਂਗ ਕਾਂਗ ਦੇ ਬਾਹਰ ਹਸਪਤਾਲ ਵਿੱਚ ਭਰਤੀ ਹੈ;
(e) ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਕੀ ਖੇਤਰੀ ਸਰਕਾਰ ("ਸਰਕਾਰ") ਜਾਂ ਹਾਂਗ ਕਾਂਗ ਵਿਖੇ ਸਥਿਤ ਕੰਪਨੀ/ਸੰਗਠਨ ਦੇ ਲਈ ਅਸਥਾਈ ਤੌਰ* 'ਤੇ ਹਾਂਗ ਕਾਂਗ ਤੋਂ ਬਾਹਰ ਡਿਊਟੀਆਂ ਨਿਭਾ ਰਿਹਾ/ਰਹੀ ਹੈ*; ਜਾਂ ਅਜਿਹੀਆਂ ਡਿਊਟੀਆਂ ਨਿਭਾ ਰਹੇ ਕਰੀਬੀ ਪਰਿਵਾਰ ਦੇ ਸਦੱਸ ਨਾਲ ਰਹਿ ਰਿਹਾ/ਰਹੀ ਹੈ; ਅਤੇ/ਜਾਂ
(f) ਇਸ ਸਕੀਮ ਦੇ ਉਦੇਸ਼ ਲਈ ਸਰਕਾਰ ਵੱਲੋਂ ਵੈਧ ਵਜੋਂ ਨਿਰਧਾਰਿਤ ਕੀਤੇ ਕੋਈ ਹੋਰ ਅਸਧਾਰਨ ਕਾਰਨ(ਕਾਰਨਾਂ) ਇਸ ਦੀ ਵਜ੍ਹਾ ਹਨ।

*ਸਕੀਮ ਦੇ ਉਦੇਸ਼ ਲਈ, ਇਸਦਾ ਅਰਥ ਇਹ ਹੈ ਕਿ ਵਿਅਕਤੀ ਹਾਂਗ ਕਾਂਗ ਵਿੱਚ ਸਥਿਤ ਕਿਸੇ ਕੰਪਨੀ ਜਾਂ ਸੰਗਠਨ ਦੁਆਰਾ ਨਿਯੁਕਤ ਹੈ ਅਤੇ ਅਸਥਾਈ ਤੌਰ 'ਤੇ ਹਾਂਗ ਕਾਂਗ ਤੋਂ ਬਾਹਰ ਕੰਮ ਕਰਨ ਲਈ ਭੇਜਿਆ ਹੋਇਆ ਹੈ, ਅਤੇ ਇਸ ਤੈਨਾਤੀ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਸਦਾ ਹਾਂਗ ਕਾਂਗ ਵਾਪਸ ਜਾਣ ਦਾ ਇਰਾਦਾ ਹੈ।

## <u>ਰਜਿਸਟ੍ਰੇਸ਼ਨ, ਇਕੱਤਰੀਕਰਨ ਅਤੇ ਵਰਤੋਂ</u>

ਯੋਗ ਵਿਅਕਤੀ ਰਜਿਸਟਰ ਕਰਨ ਤੋਂ ਬਾਅਦ ਹੀ ਹੇਠਾਂ ਦਿੱਤੀਆਂ ਸਟੋਰਡ ਵੈਲਿਊ ਫ਼ੈਸੀਲਿਟੀਜ਼ ("SVF") ਵਿੱਚੋਂ ਕਿਸੇ ਇੱਕ ਰਾਹੀਂ ਵਾਊਚਰ ਲੈ ਸਕਦੇ ਹਨ: ਅਲੀਪੇ HK, ਔਕਟੋਪਸ , ਟੈਪ ਐਂਡ ਗੋ ਅਤੇ ਵੀਚੈਟ ਪੇ HK.

### *ਰਜਿਸਟ੍ਰੇਸ਼ਨ*

ਰਜਿਸਟਰ ਕਰਨ ਵਾਲੇ ਵਿਅਕਤੀ ਸਕੀਮ ਦੀ ਵੈੱਬਸਾਈਟ (www.consumptionvoucher.gov.hk) ਰਾਹੀਂ ਆਨਲਈਨ ਜਾਂ ਕਿਸੇ ਵੀ ਡਾਕ ਖਾਨੇ ਜਾਂ ਨਿਰਧਾਰਿਤ ਬੈਂਕ ਦੀਆਂ ਸ਼ਾਖਾਵਾਂ ਦੇ ਡ੍ਰੌਪ-ਬਾਕਸਾਂ ਵਿੱਚ ਕਾਗਜ਼ੀ ਫ਼ਾਰਮ ਜਮ੍ਹਾਂ ਕਰਕੇ ਰਜਿਸਟਰ ਕਰ ਸਕਦੇ ਹਨ।

### *ਇਕੱਤਰੀਕਰਨ*

ਰਜਿਸਟਰ ਕਰਨ ਵਾਲੇ ਸਫਲ ਵਿਅਕਤੀ, ਜਿਨ੍ਹਾਂ ਨੇ ਔਕਟੋਪਸ (Octopus) ਨੂੰ ਚੁਣਿਆ ਹੈ, ਉਹ ਹੇਠਾਂ ਦਿੱਤੇ ਚੈਨਲਾਂ ਰਾਹੀਂ ਖਪਤ ਵਾਊਚਰ ਲੈ ਸਕਦੇ ਹਨ:

1. MTR ਸਟੇਸ਼ਨਾਂ, ਲਾਈਟ ਰੇਲ ਗਾਹਕ ਸੇਵਾ ਕੇਂਦਰਾਂ, ਨਿਰਧਾਰਿਤ ਜਨਤਕ ਟਰਾਂਸਪੋਰਟ ਇੰਟਰਚੇਂਜ ਅਤੇ ਨਿਰਧਾਰਿਤ ਫੇਰੀ ਪੀਅਰਾਂ ਵਿਖੇ ਸਥਾਪਿਤ ਸਬਸਿਡੀ ਇਕੱਤਰੀਕਰਨ ਪੁਆਇੰਟ;
2. 7-ਈਲੈਵਨ, ਸਰਕਲ ਕੇ, ਅਤੇ ਵੈੱਲਕਮ ਸੁਪਰਮਾਰਕੀਟ ਦੀਆਂ ਸਾਰੀਆਂ ਦੁਕਾਨਾਂ;
3. ਔਕਟੋਪਸ (Octopus) ਸੇਵਾ ਪੁਆਇੰਟ; ਅਤੇ
4. ਔਕਟੋਪਸ (Octopus) ਐਪ।

ਰਜਿਸਟਰ ਕਰਨ ਵਾਲੇ ਸਫਲ ਵਿਅਕਤੀ, ਜਿਨ੍ਹਾਂ ਨੇ ਅਲੀਪੇ HK, ਟੈਪ ਐਂਡ ਗੋ ਅਤੇ ਵੀਚੈਟ ਪੇ

HK ਨੂੰ ਚੁਣਿਆ ਹੈ, ਉਹਨਾਂ ਦੇ ਖਪਤ ਵਾਊਚਰ ਰਜਿਸਟਰਡ SVF ਖਾਤਿਆਂ ਵਿੱਚ ਸਿੱਧੇ ਜਮ੍ਹਾਂ ਕੀਤੇ ਜਾਣਗੇ।

## *ਵਰਤੋਂ*

ਖਪਤ ਵਾਉਚਰਾਂ ਦੀ ਵਰਤੋਂ ਸਥਾਨਕ ਰਿਟੇਲ, ਕੇਟ੍ਰਿੰਗ ਅਤੇ ਸੇਵਾ ਦੁਕਾਨਾਂ ਜਾਂ ਉਹਨਾਂ ਦੇ ਆਨਲਾਈਨ ਪਲੇਟਫਾਰਮਾਂ 'ਤੇ ਕੀਤੀ ਜਾ ਸਕਦੀ ਹੈ। ਹੇਠਾਂ ਲਿਖੀਆਂ ਲੈਣ-ਦੇਣ ਦੀਆਂ ਚੀਜ਼ਾਂ ਸ਼ਾਮਲ ਨਹੀਂ ਹਨ:

- ਸਰਕਾਰ ਨੂੰ ਭੁਗਤਾਨ (ਜਿਵੇਂ ਕਿ, ਟੈਕਸ, ਜੁਰਮਾਨੇ, ਲਾਇਸੰਸ ਫ਼ੀਸ, ਟਨਲ ਫ਼ੀਸ, ਪਾਰਕਿੰਗ ਮੀਟਰ))
- ਜਨਤਕ ਸੁਵਿਧਾਵਾਂ ਲਈ ਕੀਤੇ ਭੁਗਤਾਨ (ਜਿਵੇਂ ਕਿ, ਪਾਣੀ, ਬਿਜਲੀ ਅਤੇ ਗੈਸ)
- ਜਨਤਕ ਸੰਸਥਾਵਾਂ ਨੂੰ ਕੀਤੇ ਭੁਗਤਾਨ (ਜਿਵੇਂ ਕਿ ਹਸਪਤਾਲ ਅਥਾਰਟੀ, ਹਾਂਗ ਕਾਂਗ ਆਵਾਸ ਅਥਾਰਟੀ, ਹਾਂਗ ਕਾਂਗ ਆਵਾਸ ਸੋਸਾਇਟੀ)
- ਸਿੱਖਿਆ ਸੰਬੰਧੀ ਖਰਚੇ (ਜਿਵੇਂ ਕਿ, ਪ੍ਰਾਥਮਿਕ ਅਤੇ ਸੈਕੰਡਰੀ ਸਕੂਲਾਂ ਨੂੰ ਕੀਤੇ ਭੁਗਤਾਨ ਜੋ ਸਥਾਨਕ ਅਤੇ ਗੈਰ-ਸਥਾਨਕ ਪਾਠ-ਕ੍ਰਮ ਪੜ੍ਹਾ ਰਹੇ ਹਨ, ਅਤੇ UGC-ਪ੍ਰਾਯੋਜਿਤ ਯੂਨੀਵਰਸਿਟੀਆਂ)
- ਵਿੱਤੀ ਉਤਪਾਦਾਂ ਜਾਂ ਸੇਵਾਵਾਂ ਦੀ ਖਰੀਦ (ਜਿਵੇਂ ਕਿ, ਬੀਮਾ)
- ਦਾਨ (ਜਿਸ ਵਿੱਚ ਚੈਰੀਟੇਬਲ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਸ਼ਾਮਲ ਹਨ)
- ਹਾਂਗ ਕਾਂਗ ਦੇ ਬਾਹਰ ਸਥਿਤ ਵਪਾਰੀਆਂ ਤੋਂ ਸਿੱਧੀ ਖਰੀਦ (ਜਿਸ ਵਿੱਚ ਸਥਾਨਕ ਤੌਰ 'ਤੇ ਬਣੇ ਗੈਰ-ਸਥਾਨਕ ਆਨਲਾਈਨ ਪਲੇਟਫਾਰਮਾਂ ਤੋਂ ਆਨਲਾਈਨ ਖਰੀਦਾਂ ਸ਼ਾਮਲ ਹਨ)
- ਇੱਕ ਵਿਅਕਤੀ ਵੱਲੋਂ ਦੂਜੇ ਵਿਅਕਤੀ ਨੂੰ ਕੀਤਾ ਗਿਆ ਭੁਗਤਾਨ
- ਨਕਦੀਕਰਨ

## <u>ਸਮਾਂ ਸਾਰਨੀ</u>

*ਔਕਟੋਪਸ (Octopus)*

| **4 ਜੁਲਾਈ ਤੋਂ 17 ਜੁਲਾਈ ਦੇ ਵਿਚਕਾਰ ਪੂਰੀਆਂ ਕੀਤੀਆਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ** | **18 ਜੁਲਾਈ ਤੋਂ 14 ਅਗਸਤ ਦੇ ਵਿਚਕਾਰ ਪੂਰੀਆਂ ਕੀਤੀਆਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ ਅਤੇ ਸਾਰੀਆਂ ਕਾਗਜ਼ੀ ਰਜਿਸਟ੍ਰੇਸ਼ਨਾਂ** |
|---|---|
| **ਪਹਿਲਾ ਵਾਊਚਰ ($2,000)** | |
| 1 ਅਗਸਤ | 1 ਸਤੰਬਰ |
| **ਦੂਜਾ ਵਾਊਚਰ ($2,000)** | |
| 1 ਅਕਤੂਬਰ | 1 ਨਵੰਬਰ |
| **ਤੀਜਾ ਵਾਊਚਰ ($1,000)** | |
| 16 ਦਸੰਬਰ 2021<br>(ਜੇਕਰ 30 ਨਵੰਬਰ 2021 ਤੱਕ ਕੁੱਲ ਯੋਗ ਖਰਚ $4,000 'ਤੇ ਪਹੁੰਚ ਗਿਆ ਹੈ)<br>ਜਾਂ 16 ਜਨਵਰੀ 2022/ 16 ਫ਼ਰਵਰੀ 2022/ 16 | 16 ਜਨਵਰੀ 2022<br>(ਜੇਕਰ 31 ਦਸੰਬਰ 2021 ਤੱਕ ਕੁੱਲ ਯੋਗ ਖਰਚ $4,000 'ਤੇ ਪਹੁੰਚ ਗਿਆ ਹੈ)<br>ਜਾਂ 16 ਫ਼ਰਵਰੀ 2022/ 16 ਮਾਰਚ 2022/ 16 |

| | |
|---|---|
| ਮਾਰਚ 2022 (ਜੇਕਰ 31 ਦਸੰਬਰ 2021/31 ਜਨਵਰੀ 2022/ 28 ਫਰਵਰੀ 2022ਤੱਕ ਕੁੱਲ ਯੋਗ ਖਰਚ $4,000 'ਤੇ ਪਹੁੰਚ ਗਿਆ ਹੈ) | ਅਪ੍ਰੈਲ 2022 (ਜੇਕਰ 31 ਜਨਵਰੀ 2022/ 28 ਫ਼ਰਵਰੀ 2022/ 31 ਮਾਰਚ 2022 ਤੱਕ ਸੰਚਿਤ ਯੋਗ ਖਰਚ $4,000 'ਤੇ ਪਹੁੰਚ ਗਿਆ ਹੈ) |

*ਅਲੀਪੇ HK , ਟੈਪ ਐਂਡ ਗੋ ਅਤੇ ਵੀਚੈਟ ਪੇ HK*

| **4 ਜੁਲਾਈ ਤੋਂ 17 ਜੁਲਾਈ ਵਿਚਕਾਰ ਪੂਰੀਆਂ ਕੀਤੀਆਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ** | | **18 ਜੁਲਾਈ ਤੋਂ 14 ਅਗਸਤ ਦੇ ਵਿਚਕਾਰ ਪੂਰੀਆਂ ਕੀਤੀਆਂ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ ਅਤੇ ਸਾਰੀਆਂ ਕਾਗਜ਼ੀ ਰਜਿਸਟ੍ਰੇਸ਼ਨਾਂ** | |
|---|---|---|---|
| **ਵੰਡਣ ਦੀ ਤਾਰੀਖ਼** | **ਮਿਆਦ ਮੁੱਕਣ ਦੀ ਤਾਰੀਖ਼** | **ਵੰਡਣ ਦੀ ਤਾਰੀਖ਼** | **ਮਿਆਦ ਮੁੱਕਣ ਦੀ ਤਾਰੀਖ਼** |
| **ਪਹਿਲਾ ਵਾਊਚਰ ($2,000)** | | | |
| 1 ਅਗਸਤ | 31 ਦਸੰਬਰ | 1 ਸਤੰਬਰ | 31 ਜਨਵਰੀ 2022 |
| **ਦੂਜਾ ਵਾਊਚਰ ($3,000)** | | | |
| 1 ਅਕਤੂਬਰ | 31 ਦਸੰਬਰ | 1 ਨਵੰਬਰ | 31 ਜਨਵਰੀ 2022 |

**<u>ਪੁੱਛ-ਗਿੱਛਾਂ</u>**

ਕਿਰਪਾ ਕਰਕੇ 18 5000 'ਤੇ ਸਕੀਮ ਹਾਟਲਾਈਨ ਨੂੰ ਕਾਲ ਕਰੋ। ਜੇਕਰ ਤੁਹਾਨੂੰ ਸਕੀਮ ਹਾਟਲਾਈਨ ਦੇ ਕਰਮਚਾਰੀਆਂ ਨਾਲ ਗੱਲਬਾਤ ਕਰਨ ਲਈ CHEER ਦੀ ਦੁਭਾਸ਼ੀਆ ਸੇਵਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 3755 6844 'ਤੇ CHEER ਦੀ ਹਾਟਲਾਈਨ ਨਾਲ ਸੰਪਰਕ ਕਰੋ।